# ਫਾਰਮ 'ਚ ਕੰਮ ਕਰਨ ਵਾਲੇ ਟੈਂਪਰੇਰੀ ਫੌਰਨ ਵਰਕਰਾਂ ਬਾਰੇ ਜਾਣਕਾਰੀ

ਇਹ ਲਿਖਤ ਐਮਰਜੈਂਸੀ ਅਤੇ ਕਹਿਰ ਦੇ ਮੌਸਮ ਦੀ ਤਿਆਰੀ ਲਈ ਫਾਰਮਰਾਂ ਅਤੇ ਵਰਕਰਾਂ ਦੀ ਸਹਾਇਤਾ ਲਈ ਅੱਗੇ ਲਿਖੀਆਂ ਏਜੰਸੀਆਂ ਦੀ ਸਾਂਝੇਦਾਰੀ ਨਾਲ ਤਿਆਰ ਕੀਤੀ ਗਈ ਹੈ: ਵਰਕਸੇਫਬੀਸੀ; ਐਗਸੇਫ ਬੀਸੀ; ਸਰਵਿਸ ਕੈਨੇਡਾ; ਇੰਪਲੋਏਮੈਂਟ ਐਂਡ ਸੋਸ਼ਲ ਡੀਵੈਲਪਮੈਂਟ ਕੈਨੇਡਾ (ਈ ਐੱਸ ਡੀ ਸੀ); ਵੈਸਟਰਨ ਐਗਰੀਕਲਚਰ ਲੇਬਰ ਇਨੀਸ਼ੀਏਟਿਵ (ਡਬਲਿਊ ਏ ਐੱਲ ਆਈ); ਅਤੇ ਮਨਿਸਟਰੀ ਆਫ ਐਗਰੀਕਲਚਰ ਐਂਡ ਫੂਡ (ਏ ਐੱਫ)।

ਕਿਰਪਾ ਕਰਕੇ ਧਿਆਨ ਦਿਓ ਕਿ ਭਾਵੇਂ ਇਹ ਲਿਖਤ ਵਿਸ਼ੇਸ਼ ਤੌਰ 'ਤੇ ਟੈਂਪਰੇਰੀ ਫੌਰਨ ਵਰਕਰਜ਼ ਪ੍ਰੋਗਰਾਮ (ਟੀ ਐੱਫ ਡਬਲਿਊ ਪੀ) ਦੇ ਅਧੀਨ ਫਾਰਮ 'ਤੇ ਰਹਿਣ ਵਾਲੇ ਕਾਮਿਆਂ ਨਾਲ ਸੰਬੰਧਿਤ ਹੈ ਪਰ ਬ੍ਰਿਟਿਸ਼ ਕੋਲੰਬੀਆ ਵਿੱਚ ਕਿਰਤ ਸੰਬੰਧੀ ਕਾਨੂੰਨ ਅਤੇ ਨਿਯਮ ਸਾਰੇ ਕਾਮਿਆਂ 'ਤੇ ਲਾਗੂ ਹੁੰਦੇ ਹਨ, ਭਾਵੇਂ ਉਹਨਾਂ ਦਾ ਦਰਜਾ ਜਾਂ ਉਹਨਾਂ ਦੇ ਵੀਜ਼ੇ ਦੀ ਕਿਸਮ ਕੋਈ ਵੀ ਹੋਵੇ। ਜਦੋਂ ਕਿ ਟੈਂਪਰੇਰੀ ਫੌਰਨ ਵਰਕਰਾਂ (ਟੀ ਡਬਲਿਊ ਐੱਫ) ਲਈ ਕੰਮ-ਮਾਲਕ ਨਾਲ ਉਨ੍ਹਾਂ ਦੇ ਇਕਰਾਰਨਾਮੇ ਦੇ ਆਧਾਰ 'ਤੇ ਖਾਸ ਸ਼ਰਤਾਂ ਹੁੰਦੀਆਂ ਹਨ ਪਰ ਉਨ੍ਹਾਂ ਕੋਲ ਸੂਬੇ ਦੇ ਕਿਸੇ ਵੀ ਹੋਰ ਵਰਕਰ ਵਾਂਗ ਸੁਰੱਖਿਅਤ, ਸਿਹਤਮੰਦ ਅਤੇ ਦੁਰਵਿਵਹਾਰ-ਮੁਕਤ ਕੰਮ ਵਾਲੀ ਥਾਂ ਦੇ ਉਸੇ ਤਰ੍ਹਾਂ ਦੇ ਹੀ ਅਧਿਕਾਰ ਹਨ।

## ਕੰਮ-ਮਾਲਕਾਂ ਅਤੇ ਕਰਮਚਾਰੀਆਂ ਦੋਵਾਂ ਲਈ ਸੰਖੇਪ ਜਾਣਕਾਰੀ

### *ਅਵੈਕੂਏਸ਼ਨ ਅਲਰਟ ਅਤੇ ਅਵੈਕੂਏਸ਼ਨ ਆਰਡਰ*

*ਐਮਰਜੈਂਸੀ ਐਂਡ ਡਿਜ਼ਾਸਟਰ ਮੈਨੇਜਮੈਂਟ ਐਕਟ* ਦੇ ਤਹਿਤ ਅਵੈਕੂਏਸ਼ਨ ਅਲਰਟਸ (ਖਤਰੇ ਵਾਲੀ ਥਾਂ ਖਾਲੀ ਕਰਨ ਲਈ ਚੇਤਾਵਨੀਆਂ) ਅਤੇ ਅਵੈਕੂਏਸ਼ਨ ਆਰਡਰਜ਼ (ਖਤਰੇ ਵਾਲੀ ਥਾਂ ਖਾਲੀ ਕਰਨ ਦੇ ਹੁਕਮ) ਸੂਬੇ ਜਾਂ ਸਥਾਨਕ ਅਧਿਕਾਰੀਆਂ (ਜਿਨ੍ਹਾਂ ਵਿੱਚ ਕੁਝ ਮੂਲਵਾਸੀ (ਇਨਡਿਜਨਿਸ) ਸਰਕਾਰਾਂ ਸ਼ਾਮਲ ਹਨ) ਦੁਆਰਾ ਬੀਸੀ ਵਾਈਲਡਫਾਇਰ ਸਰਵਿਸ (ਬੀ ਸੀ ਡਬਲਿਊ ਐੱਸ) ਨਾਲ ਸਲਾਹ-ਮਸ਼ਵਰਾ ਕਰਕੇ ਜਾਰੀ ਕੀਤੇ ਜਾਂਦੇ ਹਨ। ਥੋੜ੍ਹੇ ਸਮੇਂ ਦੇ ਨੋਟਿਸ 'ਤੇ ਥਾਂ ਖਾਲੀ ਕਰਨ ਲਈ ਤਿਆਰੀ ਕਰਨ ਲਈ ਦਿੱਤੀ ਗਈ ਚੇਤਾਵਨੀ ਨੂੰ ਅਵੈਕੂਏਸ਼ਨ ਅਲਰਟ ਕਹਿੰਦੇ ਹਨ। ਅਵੈਕੂਏਸ਼ਨ ਆਰਡਰ ਦਾ ਅਰਥ ਹੈ ਕਿ ਇਲਾਕੇ ਨੂੰ ਸੂਬਾਈ ਜਾਂ ਸਥਾਨਕ ਐਮਰਜੈਂਸੀ ਅਧਿਕਾਰੀਆਂ ਦੁਆਰਾ ਦੱਸੇ ਗਏ ਰੂਟਾਂ ਦੀ ਵਰਤੋਂ ਕਰਕੇ ਤੁਰੰਤ ਖਾਲੀ ਕੀਤਾ ਜਾਣਾ ਜ਼ਰੂਰੀ ਹੈ। ਲੋਕ ਅਵੈਕੂਏਸ਼ਨ ਆਰਡਰ ਹੇਠਲੇ ਕਿਸੇ ਖੇਤਰ ਵਿੱਚ ਦੁਬਾਰਾ ਦਾਖਲ ਨਹੀਂ ਹੋ ਸਕਦੇ ਜਦੋਂ ਤੱਕ ਕਿ ਅਵੈਕੂਏਸ਼ਨ ਆਰਡਰ ਦੀ ਮਿਆਦ ਖਤਮ ਨਹੀਂ ਹੋ ਜਾਂਦੀ, ਆਰਡਰ ਰੱਦ ਨਹੀਂ ਕੀਤਾ ਜਾਂਦਾ, ਇਸ ਦਾ ਭੂਗੋਲਿਕ ਦਾਇਰਾ ਬਦਲ ਨਹੀਂ ਜਾਂਦਾ, ਜਾਂ ਅਵੈਕੂਏਸ਼ਨ ਆਰਡਰ ਜਾਰੀ ਕਰਨ ਵਾਲੀ ਸੰਸਥਾ ਜਾਂ ਉਸ ਵਿਅਕਤੀ ਦੁਆਰਾ ਅਸਥਾਈ ਪਹੁੰਚ ਪਰਮਿਟ ਜਾਰੀ ਨਹੀਂ ਕੀਤਾ ਜਾਂਦਾ ਜਿਸ ਨੂੰ ਐਮਰਜੈਂਸੀ ਪਾਵਰ ਅਥਾਰਿਟੀ ਸੌਂਪੀ ਗਈ ਹੋਵੇ।

ਕਿਸੇ ਅਵੈਕੂਏਸ਼ਨ ਅਲਰਟ ਜਾਂ ਆਰਡਰ ਦੀ ਹਾਲਤ ਵਿੱਚ, ਇੰਪਲੋਏਮੈਂਟ ਐਂਡ ਸੋਸ਼ਲ ਡੀਵੈਲਪਮੈਂਟ ਕੈਨੇਡਾ (ਈ ਐੱਸ ਡੀ ਸੀ) ਸੰਬੰਧਿਤ ਕੌਂਸਲੇਟਾਂ ਨੂੰ ਟੈਂਪਰੇਰੀ ਫੌਰਨ ਵਰਕਰਾਂ ਦੇ ਅਧਿਕਾਰਾਂ ਅਤੇ ਵਰਕਸੇਫਬੀਸੀ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸੇਧਾਂ ਬਾਰੇ ਸੂਚਿਤ ਕਰੇਗਾ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੌਂਸਲੇਟ ਪ੍ਰਭਾਵਿਤ ਖੇਤਰਾਂ ਵਿੱਚ ਕੰਮ ਕਰਨ ਵਾਲੇ ਟੈਂਪਰੇਰੀ ਫੌਰਨ ਵਰਕਰਾਂ ਨਾਲ ਗੱਲਬਾਤ ਕਰਨ ਸਮੇਂ ਇਸ ਸੁਨੇਹੇ ਨੂੰ ਹੋਰ ਮਜ਼ਬੂਤੀ ਨਾਲ ਪਹੁੰਚਾ ਸਕਣ। ਕੰਮ-ਮਾਲਕ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਨ ਕਿ ਅਵੈਕੂਏਸ਼ਨ ਅਲਰਟ ਜਾਂ ਅਵੈਕੂਏਸ਼ਨ ਆਰਡਰ ਜਾਰੀ ਕੀਤੇ ਜਾਣ 'ਤੇ ਸਾਰੇ ਵਰਕਰ, ਟੈਂਪਰੇਰੀ ਫੌਰਨ ਵਰਕਰਾਂ ਸਮੇਤ, ਆਪਣੇ ਅਧਿਕਾਰਾਂ ਅਤੇ ਵਰਕਸੇਫਬੀਸੀ ਦੀਆਂ ਮੰਗਾਂ ਨੂੰ ਸਮਝਦੇ ਹੋਣ। ਕੰਮ-ਮਾਲਕਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਕਰਮਚਾਰੀ ਸਿਹਤਮੰਦ ਅਤੇ ਸੁਰੱਖਿਅਤ ਰਹਿਣ। ਜੇਕਰ ਕਿਸੇ ਕੰਮ-ਮਾਲਕ ਨੂੰ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਕਿਰਪਾ ਕਰਕੇ ਅਗਵਾਈ ਲੈਣ ਲਈ ਈ ਐੱਸ ਡੀ ਸੀ ਜਾਂ ਆਪਣੀ ਸਥਾਨਕ ਸਰਕਾਰ ਨਾਲ ਸੰਪਰਕ ਕਰੋ।

### *ਟੈਂਪਰੇਰੀ ਫੌਰਨ ਵਰਕਰ ਦੇ ਥਾਂ ਵਿੱਚ ਤਬਦੀਲੀਆਂ*

ਮੌਸਮੀ ਖੇਤੀ ਕਾਮਿਆਂ ਦੇ ਪ੍ਰੋਗਰਾਮ (ਸੀਜ਼ਨਲ ਐਗਰੀਕਲਚਰ ਵਰਕਰਜ਼ ਪ੍ਰੋਗਰਾਮ- ਐੱਸ ਏ ਡਬਲਿਊ ਪੀ) ਅਧੀਨ ਟੈਂਪਰੇਰੀ ਫੌਰਨ ਵਰਕਰ ਜਦੋਂ ਤੱਕ ਇੱਕ ਹੀ ਕੰਮ-ਮਾਲਕ ਲਈ ਕੰਮ ਕਰ ਰਹੇ ਹੋਣ, ਉਹ ਕੰਮ ਅਤੇ ਰਿਹਾਇਸ਼ ਦੀਆਂ ਥਾਂਵਾਂ ਬਦਲ ਸਕਦੇ ਹਨ। ਕਿਰਪਾ ਕਰਕੇ ਜਦੋਂ ਵੀ ਸੰਭਵ ਹੋਵੇ ਕਾਮਿਆਂ ਦੀ ਥਾਂ (ਥਾਵਾਂ) ਬਾਰੇ ਸਰਵਿਸ ਕੈਨੇਡਾ ਨੂੰ ਸੂਚਿਤ ਕਰੋ। ਕਿਰਪਾ ਕਰਕੇ ਧਿਆਨ ਦਿਓ ਕਿ ਲੇਬਰ ਮਾਰਕੀਟ ਇਮਪੈਕਟ ਅਸੈਸਮੈਂਟ (ਐੱਲ ਐੱਮ ਆਈ ਏ) ਵਿੱਚ ਸੂਚੀਬੱਧ ਨਾ ਹੋਣ ਵਾਲੀਆਂ ਕੋਈ ਵੀ ਤਬਦੀਲੀਆਂ ਦੀ ਰਿਪੋਰਟ ਸਰਵਿਸ ਕੈਨੇਡਾ ਨੂੰ ਕੀਤੀ ਜਾਣੀ ਜ਼ਰੂਰੀ ਹੈ। ਇਸ ਵਿੱਚ ਟੈਂਪਰੇਰੀ ਫੌਰਨ ਵਰਕਰ ਦੇ ਕੰਮ ਅਤੇ/ਜਾਂ ਰਿਹਾਇਸ਼ ਦੀਆਂ ਥਾਂਵਾਂ ਵਿੱਚ ਤਬਦੀਲੀਆਂ ਜਾਂ ਉਨ੍ਹਾਂ ਦੀ ਆਪਣੇ ਦੇਸ਼ ਨੂੰ ਜਲਦੀ ਵਾਪਸੀ ਸ਼ਾਮਲ ਹੈ। ਉਨ੍ਹਾਂ ਦੇ ਸੰਬੰਧਿਤ ਕੌਂਸਲੇਟ ਨੂੰ ਵੀ 24 ਘੰਟਿਆਂ ਦੇ ਅੰਦਰ ਸੂਚਿਤ ਕੀਤਾ ਜਾਣਾ ਜ਼ਰੂਰੀ ਹੈ।

BRITISH COLUMBIA

ਜੇਕਰ ਵਰਕਰਾਂ ਦੇ ਅਸਲ ਇਕਰਾਰਨਾਮੇ ਵਿੱਚ ਦੱਸਿਆ ਗਿਆ ਕੰਮ ਹੁਣ ਉਪਲਬਧ ਨਹੀਂ ਹੈ ਤਾਂ ਸੀਜ਼ਨਲ ਐਗਰੀਕਲਚਰ ਵਰਕਰ ਪ੍ਰੋਗਰਾਮ (ਐੱਸ ਏ ਡਬਲਿਊ ਪੀ) ਅਧੀਨ ਬੀ.ਸੀ. ਵਿੱਚ ਆਉਣ ਵਾਲੇ ਵਰਕਰਾਂ ਨੂੰ ਕਿਸੇ ਹੋਰ ਕੰਮ-ਮਾਲਕ ਕੋਲ ਤਬਦੀਲ ਕੀਤਾ ਜਾ ਸਕਦਾ ਹੈ, ਬਸ਼ਰਤੇ ਕਿ ਕੰਮ-ਮਾਲਕ ਕੋਲ ਹੇਠ ਲਿਖੇ ਹੋਣ:

- ਵਰਕਰ ਦੀ ਸਹਿਮਤੀ
- ਕੈਨੇਡਾ ਵਿੱਚ ਕਿਸੇ ਵਿਦੇਸ਼ੀ ਸਰਕਾਰ ਦੇ ਅਧਿਕਾਰਤ ਪ੍ਰਤੀਨਿਧ (ਜਿਵੇਂ ਕਿ ਮੈਕਸੀਕਨ ਕੌਂਸਲੇਟ, ਜਮੇਕਨ ਲੀਏਜ਼ਾਨ ਆਫਿਸ(ਸੰਪਰਕ ਦਫ਼ਤਰ), ਆਦਿ) ਤੋਂ ਪਹਿਲਾਂ ਲਿਖਤੀ ਪ੍ਰਵਾਨਗੀ।
- ਅਧਿਕਾਰਤ ਐੱਲ ਐੱਮ ਆਈ ਏ ਦੇ ਰੂਪ ਵਿੱਚ ਈ ਐੱਸ ਡੀ ਸੀ/ਸਰਵਿਸ ਕੈਨੇਡਾ ਤੋਂ ਪਹਿਲਾਂ ਲਿਖਤੀ ਪ੍ਰਵਾਨਗੀ

ਜੇਕਰ ਟੈਂਪਰੇਰੀ ਫੌਰਨ ਵਰਕਰਾਂ ਦੇ ਮੌਜੂਦਾ ਇਕਰਾਰਨਾਮੇ ਅਧੀਨ ਕੰਮ ਹੁਣ ਉਪਲਬਧ ਨਹੀਂ ਹੈ ਤਾਂ ਉਹ ਆਪਣੇ ਦੇਸ਼ ਵਾਪਸ ਜਾਣ ਦੀ ਚੋਣ ਵੀ ਕਰ ਸਕਦੇ ਹਨ। ਟੈਂਪਰੇਰੀ ਫੌਰਨ ਵਰਕਰਾਂ ਲਈ ਵਾਪਸੀ (ਉਡਾਣ) ਦੇ ਖਰਚੇ ਉਨ੍ਹਾਂ ਦੇ ਕੰਮ-ਮਾਲਕ ਦੁਆਰਾ ਕਵਰ ਕੀਤੇ ਜਾਂਦੇ ਹਨ।

## ਮੁੜ-ਦਾਖਲਾ ਅਤੇ ਅਸਥਾਈ ਪਹੁੰਚ ਪਰਮਿਟ (ਟੈਂਪਰੇਰੀ ਐਕਸੈੱਸ ਪਰਮਿਟ)

ਅਵੈਕੂਏਸ਼ਨ ਆਰਡਰ ਦੇ ਅਧੀਨ ਕਿਸੇ ਖੇਤਰ ਵਿੱਚ ਮੁੜ-ਦਾਖਲਾ ਉਦੋਂ ਹੋ ਸਕਦਾ ਹੈ ਜਦੋਂ ਸੂਬਾ ਜਾਂ ਸਥਾਨਕ ਅਥਾਰਿਟੀ ਮੁੜ-ਦਾਖਲੇ ਦਾ ਅਧਿਕਾਰ ਦਿੰਦੀ ਹੈ। ਇਹ ਉਦੋਂ ਕੀਤਾ ਜਾ ਸਕਦਾ ਹੈ ਜਦੋਂ ਆਰਡਰ ਦੀ ਮਿਆਦ ਖਤਮ ਹੋ ਜਾਂਦੀ ਹੈ, ਆਰਡਰ ਨੂੰ ਰੱਦ ਕੀਤਾ ਜਾਂਦਾ ਹੈ, ਜਾਂ ਫਾਰਮ ਦੀ ਥਾਂ ਅਤੇ ਪਹੁੰਚ ਰਸਤੇ ਨੂੰ ਅਵੈਕੂਏਸ਼ਨ ਆਰਡਰ ਵਾਲੇ ਇਲਾਕੇ ਵਿੱਚੋਂ ਬਾਹਰ ਰੱਖਣ ਲਈ ਬਦਲਿਆ ਜਾਂਦਾ ਹੈ।

ਅਵੈਕੂਏਸ਼ਨ ਆਰਡਰ ਦੇ ਅਧੀਨ ਖੇਤਰਾਂ ਵਿੱਚ ਅਸਥਾਈ ਪਹੁੰਚ ਪਰਮਿਟ ਸਥਾਨਕ ਅਧਿਕਾਰੀਆਂ ਜਿਵੇਂ ਕਿ ਰਿਜਨਲ ਡਿਸਟ੍ਰਿਕਟਾਂ (ਖੇਤਰੀ ਜ਼ਿਲ੍ਹਿਆਂ), ਮਿਉਂਸਿਪਲ ਸਰਕਾਰਾਂ, ਅਤੇ ਮੂਲਵਾਸੀ (ਇਨਡਿਜਨਿਸ) ਗਵਰਨਿੰਗ ਬਾਡੀਜ਼ ਦੁਆਰਾ ਖ਼ਤਰੇ ਬਾਰੇ ਵਿਸ਼ੇਸ਼ ਮਾਹਰ, ਜਿਵੇਂ ਕਿ ਬੀਸੀ ਵਾਈਲਡਫਾਇਰ ਸਰਵਿਸ (ਬੀ ਸੀ ਡਬਲਿਊ ਐੱਸ), ਦੀ ਸਿਫ਼ਾਰਸ਼ 'ਤੇ ਦਿੱਤੇ ਜਾ ਸਕਦੇ ਹਨ। **ਕਿਰਪਾ ਕਰਕੇ ਧਿਆਨ ਦਿਓ** ਕਿ ਟੈਂਪਰੇਰੀ ਫੌਰਨ ਵਰਕਰਾਂ ਨੂੰ ਸਿਰਫ਼ ਉਨ੍ਹਾਂ ਦੇ ਇਕਰਾਰਨਾਮੇ ਵਿੱਚ ਦੱਸੇ ਅਨੁਸਾਰ ਕੰਮ ਕਰਨ ਦੀ ਇਜਾਜ਼ਤ ਹੈ। ਜੇਕਰ ਟੈਂਪਰੇਰੀ ਫੌਰਨ ਵਰਕਰਾਂ ਨੂੰ ਇਜਾਜ਼ਤ ਦੇਣ ਵਾਲੀ ਸੰਸਥਾ ਦੁਆਰਾ ਉਨ੍ਹਾਂ ਨੂੰ ਮੁੜ-ਦਾਖਲਾ ਪਰਮਿਟ ਵਿੱਚ ਸ਼ਾਮਲ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਜ਼ਰੂਰੀ ਹੈ ਕਿ ਉਹ ਸਿਰਫ਼ ਇਕਰਾਰਨਾਮੇ ਵਿੱਚ ਦਰਜ ਖੇਤੀ ਦਾ ਕੰਮ ਹੀ ਕਰਨ। ਅਜੇਹੇ ਕੰਮਾਂ ਵਿੱਚੋਂ ਆਮ ਤੌਰ 'ਤੇ ਅੱਗ ਨੂੰ ਘਟਾਉਣ ਅਤੇ ਸੁਰੱਖਿਆ ਲਾਗੂ ਕਰਨ ਦੇ ਯਤਨਾਂ ਵਰਗੇ ਕੰਮ ਨੂੰ ਬਾਹਰ ਰੱਖਿਆ ਜਾਂਦਾ ਹੈ। ਇਹ ਵੀ ਧਿਆਨ ਦਿਓ ਕਿ ਬਹੁਤ ਸਾਰੀਆਂ ਸਥਾਨਕ ਸਰਕਾਰਾਂ ਟੈਂਪਰੇਰੀ ਫੌਰਨ ਵਰਕਰਾਂ ਨੂੰ ਅਸਥਾਈ ਮੁੜ-ਦਾਖਲਾ ਪਰਮਿਟ ਵਿੱਚ ਸ਼ਾਮਲ ਕਰਨ 'ਤੇ ਪਾਬੰਦੀ ਲਗਾਉਂਦੀਆਂ ਹਨ, ਭਾਵੇਂ ਉਹਨਾਂ ਨੇ ਕੋਈ ਵੀ ਕੰਮ ਕਰਨਾ ਹੋਵੇ।

ਇੱਕ ਅਸਥਾਈ ਪਹੁੰਚ ਪਰਮਿਟ ਅਵੈਕੂਏਸ਼ਨ ਆਰਡਰ ਜਾਰੀ ਕਰਨ ਵਾਲੀ ਸੰਸਥਾ ਜਾਂ ਉਸ ਵਿਅਕਤੀ ਦੁਆਰਾ ਜਾਰੀ ਕੀਤਾ ਜਾਣਾ ਜ਼ਰੂਰੀ ਹੈ (ਜਿਸ ਨੂੰ ਐਮਰਜੈਂਸੀ ਪਾਵਰ ਅਥਾਰਿਟੀ ਸੌਂਪੀ ਗਈ ਹੋਵੇ)। ਹੋਰ ਜਾਣਕਾਰੀ ਲੈਣ ਲਈ, ਕਿਰਪਾ ਕਰਕੇ ਐਮਰਜੈਂਸੀ ਪ੍ਰੋਗਰਾਮ ਕੋਆਰਡੀਨੇਟਰ, ਜਿਹੜਾ ਤੁਹਾਡੀ ਸਹਾਇਤਾ ਕਰ ਸਕਦਾ ਹੈ, ਦੀ ਸੰਪਰਕ ਜਾਣਕਾਰੀ ਲੈਣ ਲਈ ਆਪਣੀ ਸਥਾਨਕ ਸਰਕਾਰ/ਅਥਾਰਿਟੀ ਦਫ਼ਤਰ ਨਾਲ ਸੰਪਰਕ ਕਰੋ।

## ਨਵੀਂ ਥਾਂ ਬਾਰੇ ਸੂਚਨਾਵਾਂ

ਖਤਰਨਾਕ ਥਾਂ ਤੋਂ ਬਾਹਰ ਕੱਢੇ ਟੈਂਪਰੇਰੀ ਫੌਰਨ ਵਰਕਰ ਦੇ ਅਸਥਾਈ ਟਿਕਾਣੇ ਬਾਰੇ ਕਿਰਪਾ ਕਰਕੇ ਹੇਠ ਲਿਖੀਆਂ ਏਜੰਸੀਆਂ (ਲਾਗੂ ਹੋਣ ਵਾਲੇ ਸੰਬੰਧਿਤ ਕੌਂਸਲੇਟ ਦੀ ਚੋਣ ਕਰੋ) ਨੂੰ ਸੂਚਿਤ ਕਰੋ:

| ਏਜੰਸੀ | ਸੰਪਰਕ |
|---|---|
| ਸਰਵਿਸ ਕੈਨੇਡਾ (ਕੰਮ-ਮਾਲਕ ਸੰਪਰਕ ਕੇਂਦਰ) | 1-800-367-5693 ਜਾਂ 1-800-367-5693 |
| ਵੈਸਟਰਨ ਐਗਰੀਕਲਚਰ ਲੇਬਰ ਇਨੀਸ਼ੀਏਟਿਵ | vmoreno@walicanada.ca ਜਾਂ info@walicanada.ca<br>ਫੋਨ: 604-854-4454, ਟੋਲ ਫਰੀ: 1-866-522-3447 |
| ਜਮੇਕਨ ਲੀਏਜ਼ਾਨ ਸਰਵਿਸ | 1-250-869-6288 |
| ਬਾਰਬਾਡੋਸ ਲੀਏਜ਼ਾਨ ਸਰਵਿਸ | 1-416-464-4439 ਜਾਂ 1-416-464-2997 |
| ਈਸਟਰਨ ਕੈਰੇਬੀਅਨ ਸਟੇਟਸ ਲੀਏਜ਼ਾਨ ਸਰਵਿਸ | 1-416-523-4662 |
| ਮੈਕਸੀਕੋ ਕੌਂਸਲੇਟ ਵੈਨਕੂਵਰ | 1-778-668-1242 |
| ਇੱਥੇ ਲਾਗੂ ਹੋਣ ਵਾਲੇ ਹੋਰ ਸੰਪਰਕ ਜਾਂ ਕੌਂਸਲੇਟ ਲਿਖੋ। | ਫੋਨ ਨੰਬਰ |

# ਕੰਮ-ਮਾਲਕ ਦੀਆਂ ਜ਼ਿੰਮੇਵਾਰੀਆਂ

## *ਅਵੈਕੂਏਸ਼ਨ ਅਲਰਟ ਅਤੇ ਅਵੈਕੂਏਸ਼ਨ ਆਰਡਰ*

ਹੇਠ ਦਿੱਤੀ ਸਮੱਗਰੀ ਸਾਰੇ ਕੰਮ-ਮਾਲਕਾਂ ਦੀਆਂ ਜੰਗਲੀ ਅੱਗ ਦੇ ਅਵੈਕੂਏਸ਼ਨ ਅਲਰਟਾਂ ਅਤੇ ਆਰਡਰਾਂ ਦੌਰਾਨ ਆਪਣੇ ਸਾਰੇ ਵਰਕਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀਆਂ ਜ਼ਿੰਮੇਵਾਰੀਆਂ ਨੂੰ ਬਿਆਨ ਕਰਦੀ ਹੈ। ਇਸ ਦਸਤਾਵੇਜ਼ ਦੇ ਉਦੇਸ਼ਾਂ ਲਈ, "ਵਰਕਰਾਂ" ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀ, ਦੂਜੇ ਸੂਬਿਆਂ ਦੇ ਨਿਵਾਸੀ, ਟੈਂਪਰੇਰੀ ਫੌਰਨ ਵਰਕਰ, ਅਤੇ ਰਿਕਾਰਡ ਤੋਂ ਬਿਨਾਂ ਵਾਲੇ ਵਰਕਰ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਿਤ ਨਹੀਂ ਹਨ।

**ਨੋਟ:** ਕੰਮ-ਮਾਲਕਾਂ ਦੁਆਰਾ ਕਿਸੇ ਅਲਰਟ (ਚੇਤਾਵਨੀ) ਤੋਂ ਪਹਿਲਾਂ ਇੱਕ ਐਮਰਜੈਂਸੀ ਅਵੈਕੂਏਸ਼ਨ ਪਲੈਨ ਬਣਾਈ ਜਾਣੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੇ ਵਰਕਰ ਯੋਜਨਾ ਨੂੰ ਸਮਝਦੇ ਹੋਣ ਅਤੇ ਥਾਂ ਖਾਲੀ ਕਰਨ ਲਈ ਤਿਆਰ ਹੋਣ। ਇਹ ਯੋਜਨਾ ਹਰ ਕੰਮ-ਮਾਲਕ ਦੀ ਸਮੁੱਚੀ ਸੇਫਟੀ ਪਲੈਨ (ਸੁਰੱਖਿਆ ਯੋਜਨਾ) ਦਾ ਹਿੱਸਾ ਹੋਣੀ ਚਾਹੀਦੀ ਹੈ ਅਤੇ ਵਰਕਰਾਂ ਨਾਲ ਇਸ ਬਾਰੇ ਉਨ੍ਹਾਂ ਨੂੰ ਮੁਢਲੀ ਜਾਣਕਾਰੀ ਦੇਣ (ਓਰੀਐਂਟੇਸ਼ਨ) ਵੇਲੇ ਅਤੇ ਸਿਖਲਾਈ ਦੇ ਹਿੱਸੇ ਵਜੋਂ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਫਾਰਮਰਾਂ ਦੀ ਸਹਾਇਤਾ ਲਈ ਵਰਕਸੇਫਬੀਸੀ ਕੋਲ ਵਸੀਲਾ ਉਪਲਬਧ ਹੈ: https://www.worksafebc.com/en/resources/health-safety/information-sheets/wildfire-evacuation-planning?lang=en

ਇਸ ਤੋਂ ਇਲਾਵਾ, ਜਿਵੇਂ ਕਿ ਵਰਕਸੇਫਬੀਸੀ ਦੀ ਓ ਐੱਚ ਐੱਸ ਗਾਈਡਲਾਈਨ ਜੀ 5.97-1 ਵਿੱਚ ਦੱਸਿਆ ਗਿਆ ਹੈ, "ਜਦੋਂ ਐਮਰਜੈਂਸੀ ਵਿੱਚ ਖਤਰਨਾਕ ਪਦਾਰਥ ਵਰਕਰਾਂ ਲਈ ਵਾਜਬ ਤੌਰ 'ਤੇ ਸੰਭਾਵੀ ਖਤਰਾ ਪੈਦਾ ਕਰਦੇ ਹਨ, ਤਾਂ ਕੰਮ-ਮਾਲਕਾਂ ਨੂੰ ਇਸ ਖਤਰੇ ਨੂੰ ਘੱਟ ਤੋਂ ਘੱਟ ਕਰਨ ਲਈ ਯੋਜਨਾਵਾਂ ਤਿਆਰ ਕਰਨੀਆਂ ਚਾਹੀਦੀਆਂ ਹਨ, ਭਾਵੇਂ ਖਤਰਨਾਕ ਪਦਾਰਥ ਦਾ ਮੂਲ ਕੁਝ ਵੀ ਹੋਵੇ।" ਹੋਰ ਵੇਰਵੇ ਓ ਐੱਚ ਐੱਸ ਦੀਆਂ ਸੇਧਾਂ ਦੇ ਭਾਗ 5 ਦੇ ਐਮਰਜੈਂਸੀ ਪਲੈਨਿੰਗ ਭਾਗ: ਕੈਮੀਕਲ ਏਜੰਟ ਅਤੇ ਬਾਇਲੋਜੀਕਲ ਏਜੰਟ ਵਿੱਚ ਮਿਲਦੇ ਹਨ: https://www.worksafebc.com/en/law-policy/occupational-health-safety/searchable-ohs-regulation/ohs-guidelines/guidelines-part-05#E049C577B9EC4D7A99507A955C4A621F

ਕੰਮ-ਮਾਲਕ ਕਰਮਚਾਰੀਆਂ ਨੂੰ ਆਪਣੇ ਟੈਂਪਰੇਰੀ ਫੌਰਨ ਵਰਕਰਾਂ ਦੇ ਇਕਰਾਰਨਾਮੇ ਅਨੁਸਾਰ ਢੁਕਵੀਂ ਰਿਹਾਇਸ਼ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹਨ, ਉਦੋਂ ਵੀ ਜਦੋਂ ਕਰਮਚਾਰੀਆਂ ਨੂੰ ਖਤਰਨਾਕ ਥਾਂ ਤੋਂ ਬਾਹਰ ਕੱਢਣਾ ਜ਼ਰੂਰੀ ਹੋਵੇ। ਜੇਕਰ ਐਮਰਜੈਂਸੀ ਘਟਨਾ ਇਸ ਸੰਭਾਵਨਾ ਨੂੰ ਖਤਮ ਕਰ ਦਿੰਦੀ ਹੈ, ਤਾਂ ਟੈਂਪਰੇਰੀ ਫੌਰਨ ਵਰਕਰ ਐਮਰਜੈਂਸੀ ਸਹਾਇਤਾ ਸੇਵਾਵਾਂ (ਐਮਰਜੈਂਸੀ ਸਪੋਰਟ ਸਰਵਿਸਿਜ਼-ਈ ਐੱਸ ਐੱਸ) ਲੈਣ ਦੇ ਯੋਗ ਹੋ ਸਕਦੇ ਹਨ। ਜੇਕਰ ਤੁਹਾਡੇ ਕੋਈ ਹੋਰ ਸਵਾਲ ਹਨ ਤਾਂ ਕਿਰਪਾ ਕਰਕੇ ਆਪਣੀ ਸਥਾਨਕ ਸਰਕਾਰ ਨਾਲ ਸੰਪਰਕ ਕਰੋ।

## *ਜਦੋਂ ਕੋਈ ਅਵੈਕੂਏਸ਼ਨ ਅਲਰਟ ਜਾਰੀ ਕੀਤਾ ਜਾਂਦਾ ਹੈ:*

- **ਸਾਰੇ** ਵਰਕਰਾਂ ਨੂੰ ਖਤਰਨਾਕ ਥਾਂ ਖਾਲੀ ਕਰਨ ਲਈ ਤਿਆਰ ਕਰੋ - ਇਹ ਯਕੀਨੀ ਬਣਾਓ ਕਿ ਵਰਕਰ ਜਾਣਦੇ ਹੋਣ ਕਿ ਤੁਹਾਡੀ ਥਾਂ ਖਾਲੀ ਕਰਵਾਉਣ ਦੀ ਯੋਜਨਾ ਦੇ ਅਨੁਸਾਰ ਉਹਨਾਂ ਨੂੰ ਕਿਵੇਂ, ਕਦੋਂ ਕੱਢਿਆ ਜਾਵੇਗਾ ਅਤੇ ਕਿੱਥੇ ਲਿਜਾਇਆ ਜਾਵੇਗਾ।
- ਟੈਂਪਰੇਰੀ ਫੌਰਨ ਵਰਕਰਾਂ ਵਾਲੇ ਕੰਮ-ਮਾਲਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਰਕਰ ਯੋਜਨਾ ਨੂੰ ਸਮਝਦੇ ਹੋਣ, ਜਿਸ ਵਿੱਚ ਲੋੜ ਪੈਣ 'ਤੇ ਅਨੁਵਾਦ/ਦੋਭਾਸ਼ੀਏ ਦੀਆਂ ਸੇਵਾਵਾਂ ਸ਼ਾਮਲ ਕਰਨਾ ਸ਼ਾਮਲ ਹੋ ਸਕਦਾ ਹੈ।

## *ਜਦੋਂ ਕੋਈ ਅਵੈਕੂਏਸ਼ਨ ਆਰਡਰ ਜਾਰੀ ਕੀਤਾ ਜਾਂਦਾ ਹੈ:*

- ਸਾਰੇ ਵਰਕਰਾਂ ਨੂੰ ਖਤਰਨਾਕ ਥਾਂ ਖਾਲੀ ਕਰਨ ਦੀ ਯੋਜਨਾ ਅਤੇ ਕਿਸੇ ਵੀ ਸੂਬਾਈ ਜਾਂ ਖੇਤਰੀ ਅਵੈਕੂਏਸ਼ਨ ਆਰਡਰਾਂ ਅਨੁਸਾਰ ਖਤਰਨਾਕ ਥਾਂ ਤੋਂ ਬਾਹਰ ਕੱਢਿਆ ਜਾਣਾ (ਅਤੇ ਦੁਬਾਰਾ ਦਾਖਲ ਹੋਣ ਤੋਂ ਰੋਕਿਆ ਜਾਣਾ) ਜ਼ਰੂਰੀ ਹੈ।
- ਕੰਮ-ਮਾਲਕਾਂ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਵਰਕਰ ਅਵੈਕੂਏਸ਼ਨ ਆਰਡਰਾਂ ਦੀ ਪਾਲਣਾ ਕਰਨ। ਵਿਦੇਸ਼ੀ ਕਾਮਿਆਂ ਵਾਲੇ ਕੰਮ-ਮਾਲਕਾਂ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਖਤਰਨਾਕ ਥਾਂ ਖਾਲੀ ਕਰਨ ਦੌਰਾਨ ਅਤੇ ਬਾਅਦ ਵਿੱਚ ਹਰ ਸਮੇਂ ਸੰਚਾਰ ਕਰਨ ਦੇ ਅਸਰਦਾਰ ਸਾਧਨ ਹੋਣ, ਜਿਸ ਵਿੱਚ ਲੋੜ ਅਨੁਸਾਰ ਅਨੁਵਾਦ/ਦੁਭਾਸ਼ੀਏ ਦੀਆਂ ਸੇਵਾਵਾਂ ਸ਼ਾਮਲ ਕਰਨਾ ਸ਼ਾਮਲ ਹੋ ਸਕਦਾ ਹੈ।
- ਜੇਕਰ ਕੋਈ ਰੈਗੂਲੇਟਰੀ ਏਜੰਸੀ ਜਿਵੇਂ ਕਿ ਈ ਐੱਮ ਬੀ ਸੀ, ਬੀ ਸੀ ਡਬਲਿਊ ਐੱਸ, ਜਾਂ ਕੋਈ ਰਿਜਨਲ ਡਿਸਟ੍ਰਿਕਟ ਅਵੈਕੂਏਸ਼ਨ ਆਰਡਰ ਲਈ ਪਰਮਿਟ/ਛੋਟ ਜਾਰੀ ਕਰਦਾ ਹੈ, ਤਾਂ ਵੀ ਕੰਮ-ਮਾਲਕ ਆਪਣੇ ਸਾਰੇ ਵਰਕਰਾਂ ਦੀ ਸਿਹਤ ਅਤੇ ਸੁਰੱਖਿਆ ਲਈ ਜ਼ਿੰਮੇਵਾਰ ਰਹਿੰਦੇ ਹਨ।
- ਕੰਮ-ਮਾਲਕ ਅਤੇ/ਜਾਂ ਸਥਾਨਕ ਅਧਿਕਾਰੀ ਲੋੜ ਪੈਣ 'ਤੇ ਅਤੇ ਵਰਕਰਾਂ ਦੀ ਸਹਿਮਤੀ ਨਾਲ ਵਰਕਰਾਂ ਨੂੰ ਮੂਵ ਕਰਦੇ ਹਨ। ਇਹ ਕਾਰਵਾਈ ਇਲਾਕੇ ਦੇ ਕਿਸੇ ਵੀ ਹੋਰ ਨਿਵਾਸੀ ਨੂੰ ਖਤਰਨਾਕ ਥਾਂ ਤੋਂ ਬਾਹਰ ਕੱਢਣ ਦੀ ਕਾਰਵਾਈ ਜਿਹੀ ਹੈ।

## ਜਦੋਂ ਕਿਸੇ ਅਵੈਕੂਏਸ਼ਨ ਆਰਡਰ ਨੂੰ ਰੱਦ ਕੀਤਾ ਜਾਂਦਾ ਹੈ:

- ਅਵੈਕੂਏਸ਼ਨ ਆਰਡਰ ਰੱਦ ਹੋਣ ਤੋਂ ਬਾਅਦ ਜਿਹੜੇ ਵਰਕਰਾਂ ਦੇ ਦੁਬਾਰਾ ਦਾਖਲ ਹੋਣ ਦੀ ਉਮੀਦ ਹੁੰਦੀ ਹੈ, ਉਨ੍ਹਾਂ ਲਈ ਕੰਮ-ਮਾਲਕ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਵਰਕਰ ਨੁਕਸਾਨਦੇਹ ਪਦਾਰਥਾਂ (ਜਿਵੇਂ ਕਿ ਧੂੰਏਂ ਤੋਂ ਜ਼ਹਿਰੀਲੀ ਗੈਸ) ਅਤੇ/ਜਾਂ ਖ਼ਤਰਨਾਕ ਹਾਲਤਾਂ ਦਾ ਸਾਹਮਣਾ ਨਾ ਕਰਨ (ਉਦਾਹਰਨਾਂ ਵਜੋਂ, ਕੰਮ ਦੀਆਂ ਸੁਰੱਖਿਅਤ ਕਾਰਵਾਈਆਂ, ਢੁਕਵੀਂ ਸਿਖਲਾਈ, ਅਤੇ ਨਿੱਜੀ ਸੁਰੱਖਿਆ ਉਪਕਰਨਾਂ (ਪੀ ਪੀ ਈ) ਦੀ ਵਰਤੋਂ)।

## ਕਿਸੇ ਅਵੈਕੂਏਸ਼ਨ ਆਰਡਰ ਦੀ ਉਲੰਘਣਾ:

- *ਐਮਰਜੈਂਸੀ ਐਂਡ ਡਿਜ਼ਾਸਟਰ ਮੈਨੇਜਮੈਂਟ ਐਕਟ* ਦੇ ਤਹਿਤ ਇੱਕ ਵਾਰ ਅਵੈਕੂਏਸ਼ਨ ਆਰਡਰ ਜਾਰੀ ਹੋਣ ਤੋਂ ਬਾਅਦ, ਵਿਅਕਤੀਆਂ ਨੂੰ ਤੁਰੰਤ ਅਵੈਕੂਏਸ਼ਨ ਆਰਡਰ ਦੇ ਅਧੀਨ ਖੇਤਰਾਂ ਨੂੰ ਖਾਲੀ ਕਰਨਾ ਜ਼ਰੂਰੀ ਹੈ।
- ਜਿਹੜੇ ਵਿਅਕਤੀ ਅਵੈਕੂਏਸ਼ਨ ਆਰਡਰ ਦੇ ਉਲਟ ਪਿੱਛੇ ਰਹਿਣ ਦਾ ਫੈਸਲਾ ਕਰਦੇ ਹਨ, ਉਨ੍ਹਾਂ ਨੂੰ ਸੀਮਤ ਵਸੀਲਿਆਂ ਦੇ ਕਾਰਨ ਸਹਾਰਾ ਅਤੇ ਸਹਾਇਤਾ ਪ੍ਰਦਾਨ ਨਹੀਂ ਕੀਤੀ ਜਾਵੇਗੀ।
- *ਐਮਰਜੈਂਸੀ ਐਂਡ ਡਿਜ਼ਾਸਟਰ ਮੈਨੇਜਮੈਂਟ ਐਕਟ* ਦੀ ਉਲੰਘਣਾ ਕਰਨ 'ਤੇ 10,000 ਡਾਲਰ ਤੱਕ ਦਾ ਜੁਰਮਾਨਾ ਜਾਂ 1 ਸਾਲ ਦੀ ਕੈਦ ਹੋ ਸਕਦੀ ਹੈ।
- ਜਿਹੜੇ ਕੰਮ-ਮਾਲਕ ਵਰਕਰਾਂ ਨੂੰ ਜ਼ਿਆਦਾ ਖਤਰੇ ਵਾਲੀਆਂ ਹਾਲਤਾਂ ਵਿੱਚ ਪਾਉਂਦੇ ਹਨ, ਉਨ੍ਹਾਂ ਨੂੰ ਵਰਕਸੇਫਬੀਸੀ ਵੱਲੋਂ ਜੁਰਮਾਨਾ ਹੋ ਸਕਦਾ ਹੈ ਜਾਂ ਉਨ੍ਹਾਂ ਉੱਪਰ ਮੁਕੱਦਮਾ ਚਲਾਇਆ ਜਾ ਸਕਦਾ ਹੈ। ਵਰਕਰ ਜ਼ਿਆਦਾ ਖਤਰੇ ਵਾਲੀਆਂ ਹਾਲਤਾਂ ਵਿੱਚ ਕੰਮ ਕਰਨ ਦੇ ਖਤਰਿਆਂ ਨੂੰ ਕਬੂਲ ਨਹੀਂ ਕਰ ਸਕਦੇ ਜਾਂ ਉਨ੍ਹਾਂ ਲਈ ਜ਼ਿੰਮੇਵਾਰੀ ਆਪਣੇ ਸਿਰ ਨਹੀਂ ਲੈ ਸਕਦੇ।

## ਕੰਮ ਦੇ ਸੁਰੱਖਿਅਤ ਵਾਤਾਵਰਣ ਦੀ ਜ਼ਿੰਮੇਵਾਰੀ

ਬ੍ਰਿਟਿਸ਼ ਕੋਲੰਬੀਆ ਵਿੱਚ ਕੰਮ-ਮਾਲਕ ਸਾਰੇ ਕਰਮਚਾਰੀਆਂ, ਜਿਨ੍ਹਾਂ ਵਿੱਚ ਟੈਂਪਰੇਰੀ ਫੌਰਨ ਵਰਕਰ ਵੀ ਸ਼ਾਮਲ ਹਨ, ਲਈ ਕੰਮ ਦਾ ਸੁਰੱਖਿਅਤ ਵਾਤਾਵਰਣ ਬਣਾਈ ਰੱਖਣ ਲਈ ਜ਼ਿੰਮੇਵਾਰ ਹਨ। ਕੰਮ-ਮਾਲਕਾਂ ਲਈ ਕੰਮ ਵਾਲੀਆਂ ਥਾਵਾਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਬਣਾਉਣ ਅਤੇ ਬਣਾਈ ਰੱਖਣ ਵਿੱਚ ਉਨ੍ਹਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਬਾਰੇ ਵਰਕਸੇਫਬੀਸੀ ਕੋਲ ਕਈ ਵਸੀਲੇ ਹਨ: https://www.worksafebc.com/en/health-safety/create-manage/rights-responsibilities

ਹੋਰ ਜਾਣਕਾਰੀ ਅਤੇ ਵਸੀਲਿਆਂ ਲਈ, ਕਿਰਪਾ ਕਰਕੇ ਹੇਠ ਲਿਖੀਆਂ ਵੈੱਬਸਾਈਟਾਂ 'ਤੇ ਜਾਓ:

- ਐਗਸੇਫਬੀਸੀ (AgSafeBC)
- ਵਰਕਸੇਫਬੀਸੀ (WorkSafeBC)
- ਵੈਸਟਰਨ ਐਗਰੀਕਲਚਰ ਲੇਬਰ ਇਨੀਸ਼ੀਏਟਿਵ (Western Agriculture Labour Initiative)
- ਕਲਾਈਮੇਟ ਐਕਸ਼ਨ ਇਨੀਸ਼ੀਏਟਿਵ (Climate Action Initiative Action Initiative)

# ਕਰਮਚਾਰੀ ਦੀਆਂ ਜ਼ਿੰਮੇਵਾਰੀਆਂ

## ਐਮਰਜੈਂਸੀ ਦੌਰਾਨ ਆਪਣੇ ਅਧਿਕਾਰਾਂ ਨੂੰ ਜਾਣਨਾ

ਜਦੋਂ ਕਿ ਕੰਮ-ਮਾਲਕ ਟੈਂਪਰੇਰੀ ਫੌਰਨ ਵਰਕਰਾਂ ਨੂੰ ਮੁੜ-ਦਾਖਲਾ ਪਰਮਿਟ ਲਈ ਸੂਚੀ ਵਿੱਚ ਸ਼ਾਮਲ ਕਰ ਸਕਦਾ ਹੈ (ਸਥਾਨਕ ਸਰਕਾਰ ਦੇ ਉਪ-ਨਿਯਮਾਂ 'ਤੇ ਨਿਰਭਰ ਕਰਦਾ ਹੈ) ਪਰ ਵਰਕਰਾਂ ਨੂੰ ਉਹ ਡਿਊਟੀਆਂ ਨਿਭਾਉਣ ਲਈ ਨਹੀਂ ਕਿਹਾ ਜਾ ਸਕਦਾ, ਜਿਹੜੀਆਂ ਉਨ੍ਹਾਂ ਦੇ ਇਕਰਾਰਨਾਮੇ ਵਿੱਚ ਸ਼ਾਮਲ ਨਾ ਹੋਣ। ਜੇਕਰ ਤੁਸੀਂ ਚਿੰਤਤ ਹੋ ਕਿ ਤੁਹਾਨੂੰ ਮੁੜ-ਦਾਖਲਾ ਪਰਮਿਟ 'ਤੇ ਉਹ ਡਿਊਟੀਆਂ ਕਰਨ ਲਈ ਸੂਚੀਬੱਧ ਕੀਤਾ ਗਿਆ ਹੈ, ਜਿਹੜੀਆਂ ਤੁਹਾਡੇ ਕੰਮ ਦੇ ਇਕਰਾਰਨਾਮੇ ਵਿੱਚ ਦਰਜ ਨਹੀਂ ਹਨ, ਤਾਂ ਕਿਰਪਾ ਕਰਕੇ ਸਥਾਨਕ ਸਰਕਾਰ, ਸੈਟਲਮੈਂਟ ਸਰਵਿਸ (ਅੰਤਿਕਾ ਬੀ ਵਿੱਚ ਦਰਜ), ਜਾਂ ਆਪਣੇ ਕੌਂਸਲੇਟ ਨਾਲ ਸੰਪਰਕ ਕਰੋ ਤਾਂ ਜੋ ਇਹ ਸਪੱਸ਼ਟ ਕੀਤਾ ਜਾ ਸਕੇ ਕਿ ਕੀ ਇਸ ਦੀ ਇਜਾਜ਼ਤ ਹੈ।

ਸੀਜ਼ਨਲ ਐਗਰੀਕਲਚਰ ਵਰਕਰ ਪ੍ਰੋਗਰਾਮ (ਐੱਸ ਏ ਡਬਲਿਊ ਪੀ) ਦੇ ਤਹਿਤ ਬੀ.ਸੀ. 'ਚ ਆਉਣ ਵਾਲੇ ਵਰਕਰਾਂ ਨੂੰ ਕਿਸੇ ਹੋਰ ਕੰਮ-ਮਾਲਕ ਕੋਲ ਤਬਦੀਲ ਕੀਤਾ ਜਾ ਸਕਦਾ ਹੈ ਜੇਕਰ ਉਨ੍ਹਾਂ ਦੇ ਅਸਲ ਇਕਰਾਰਨਾਮੇ ਵਿੱਚ ਦੱਸਿਆ ਗਿਆ ਕੰਮ ਹੋਰ ਉਪਲਬਧ ਨਹੀਂ ਹੈ। **ਕਿਰਪਾ ਕਰਕੇ ਧਿਆਨ ਦਿਓ** ਕਿ ਤਬਦੀਲ ਕਰਨ ਲਈ, ਤੁਹਾਡੇ ਕੰਮ-ਮਾਲਕ ਕੋਲ ਤੁਹਾਡੀ ਇਜਾਜ਼ਤ ਹੋਣੀ ਜ਼ਰੂਰੀ ਹੈ, ਤੁਹਾਡੇ ਕੌਂਸਲੇਟ ਅਤੇ ਸਰਵਿਸ ਕੈਨੇਡਾ ਨੂੰ ਸੂਚਿਤ ਕੀਤਾ ਜਾਣਾ ਜ਼ਰੂਰੀ ਹੈ, ਅਤੇ ਤੁਹਾਡੇ ਨਵੇਂ ਕੰਮ-ਮਾਲਕ ਕੋਲ ਪੂਰਾ ਕੀਤਾ ਐੱਲ ਐੱਮ ਆਈ ਏ ਹੋਣਾ ਜ਼ਰੂਰੀ ਹੈ।

### ਟੈਂਪਰੇਰੀ ਫੌਰਨ ਵਰਕਰਾਂ ਲਈ ਇੰਸ਼ੋਰੈਂਸ ਅਤੇ ਅਦਾਇਗੀ

ਐੱਸ ਏ ਡਬਲਿਊ ਪੀ ਅਧੀਨ ਕੈਨੇਡਾ ਵਿੱਚ ਟੈਂਪਰੇਰੀ ਫੌਰਨ ਵਰਕਰਾਂ ਦੇ ਇਕਰਾਰਨਾਮੇ ਵਿੱਚ ਹੇਠ ਲਿਖੇ ਪ੍ਰਬੰਧ ਹਨ:

ਮੈਕਸੀਕੋ:

12. ਫੁਟਕਲ

- ਅੱਗ ਲੱਗਣ ਦੀ ਸੂਰਤ ਵਿੱਚ, 'ਕੰਮ-ਮਾਲਕ' 'ਵਰਕਰ' ਦੀ ਨਿੱਜੀ ਪ੍ਰਾਪਰਟੀ ਦੇ ਬਦਲ ਦੀ ਲਾਗਤ (ਰੀਪਲੇਸਮੈਂਟ ਕੌਸਟ) ਦਾ 1/3 ਹਿੱਸਾ, ਵੱਧ ਤੋਂ ਵੱਧ 650.00 ਡਾਲਰ ਤੱਕ, ਸਹਿਣ ਕਰੇਗਾ।

ਕੈਰੇਬੀਅਨ ਦੇਸ਼:

16. ਫੁਟਕਲ

- ਅੱਗ ਲੱਗਣ ਦੀ ਸੂਰਤ ਵਿੱਚ, 'ਕੰਮ-ਮਾਲਕ', 'ਗਵਰਨਮੈਂਟ ਏਜੰਟ' ਅਤੇ 'ਵਰਕਰ', 'ਵਰਕਰ' ਦੀ ਨਿੱਜੀ ਪ੍ਰਾਪਰਟੀ ਦੇ ਬਦਲ ਦੀ ਲਾਗਤ ਦਾ ਵੱਧ ਤੋਂ ਵੱਧ 650.00 ਡਾਲਰ ਤੱਕ ਸਹਿਣ ਕਰਨਗੇ।

ਬਦਲ ਦੇ ਤੌਰ 'ਤੇ, ਫਾਰਮਾਂ/ਕੰਮ-ਮਾਲਕਾਂ ਕੋਲ ਅਜਿਹੀ ਕਵਰੇਜ ਹੋ ਸਕਦੀ ਹੈ ਜਿਹੜੀ ਕਿਸੇ ਵਰਕਰ ਨੂੰ ਉਹਨਾਂ ਦੀ ਪੌਲਿਸੀ ਦੇ ਤਹਿਤ ਕਲੇਮ ਕਰਨ ਦੀ ਆਗਿਆ ਦਿੰਦੀ ਹੋਵੇ।

## ਸੰਸਥਾਵਾਂ ਜਿਹੜੀਆਂ ਵਿਦੇਸ਼ੀ ਕਾਮਿਆਂ ਦੀ ਸਹਾਇਤਾ ਕਰ ਸਕਦੀਆਂ ਹਨ

### ਮੋਜ਼ੇਕ ਦਾ ਪ੍ਰਵਾਸੀ ਕਾਮਿਆਂ ਬਾਰੇ ਪ੍ਰੋਗਰਾਮ

migrantworkers@mosaicbc.org ਜਾਂ 604-254-9626

- ਮੋਜ਼ੇਕ (ਐੱਮ ਓ ਐੱਸ ਏ ਆਈ ਸੀ) ਦਾ ਪ੍ਰਵਾਸੀ ਵਰਕਰਾਂ ਬਾਰੇ ਪ੍ਰੋਗਰਾਮ ਪ੍ਰਵਾਸੀ ਵਰਕਰਾਂ ਨੂੰ ਉਨ੍ਹਾਂ ਦੇ ਕੰਮ ਵਾਲੀ ਥਾਂ ਦੇ ਅਧਿਕਾਰਾਂ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਦੇ ਤਰੀਕਿਆਂ ਬਾਰੇ ਸਿੱਖਣ ਵਿੱਚ ਮਦਦ ਕਰਦਾ ਹੈ। ਇਹ ਕੰਮ-ਮਾਲਕਾਂ ਨੂੰ ਆਪਣੇ ਫਰਜ਼ਾਂ ਨੂੰ ਸਮਝਣ ਵਿੱਚ ਵੀ ਮਦਦ ਕਰਦੇ ਹਨ ਜਦੋਂ ਉਹ ਵਰਕਰਾਂ ਨੂੰ ਨੌਕਰੀ 'ਤੇ ਰੱਖਦੇ ਹਨ। ਸੇਵਾਵਾਂ ਅੰਗਰੇਜ਼ੀ, ਸਪੈਨਿਸ਼, ਤਾਗਾਲੋਗ, ਪੰਜਾਬੀ, ਹਿੰਦੀ, ਉਰਦੂ, ਫ੍ਰੈਂਚ, ਮੈਂਡਰਿਨ ਅਤੇ ਕੈਂਟੋਨੀਜ਼ ਵਿੱਚ ਉਪਲਬਧ ਹਨ। ਬੇਨਤੀ ਕਰਨ 'ਤੇ ਹੋਰ ਭਾਸ਼ਾਵਾਂ ਵਿੱਚ ਸਹਾਇਤਾ ਉਪਲਬਧ ਹੋ ਸਕਦੀ ਹੈ।

### ਡਾਇਵਰਸਿਟੀ ਦੀ ਪ੍ਰਵਾਸੀ ਵਰਕਰਾਂ ਲਈ ਕੁਲੈਕਟਿਵ ਐਡਵੋਕੇਸੀ ਫਾਰ ਰਾਈਟਸ ਐਂਡ ਐਜੂਕੇਸ਼ਨ-ਸੀ.ਏ.ਆਰ. ਈ. (ਅਧਿਕਾਰਾਂ ਅਤੇ ਸਿੱਖਿਆ ਲਈ ਸਮੂਹਿਕ ਵਕਾਲਤ)

info@dcrs.ca ਜਾਂ 604-597-0205

- ਕੈਨੇਡਾ ਸਰਕਾਰ ਦੁਆਰਾ ਦਿੱਤੇ ਫੰਡਾਂ ਨਾਲ ਚੱਲਦੇ ਡਾਇਵਰਸਿਟੀ ਦੇ (DIVERSEcity's) ਪ੍ਰਵਾਸੀ ਵਰਕਰਾਂ ਲਈ ਸੀ.ਏ.ਆਰ.ਈ. ਪ੍ਰੋਗਰਾਮ ਐਬਟਸਫੋਰਡ, ਚਿਲੀਵੈਕ, ਡੈਲਟਾ, ਲੈਂਗਲੀ, ਰਿਚਮੰਡ, ਸਰੀ, ਵਾਈਟ ਰੌਕ ਅਤੇ ਬੀ.ਸੀ. ਦੇ ਹੋਰ ਖੇਤਰਾਂ ਵਿੱਚ ਸਥਾਨਕ ਕਮਿਊਨਿਟੀ ਭਾਈਵਾਲ ਸੰਗਠਨਾਂ ਨਾਲ ਸਹਿਯੋਗ ਕਰਦੇ ਹਨ ਤਾਂ ਜੋ ਪ੍ਰਵਾਸੀ ਵਰਕਰਾਂ ਦੀ ਸਹਾਇਤਾ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਸਮਰੱਥ ਬਣਾਇਆ ਜਾ ਸਕੇ ਅਤੇ ਉਨ੍ਹਾਂ ਵਿੱਚ ਭਾਈਚਾਰੇ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

### ਟੈਂਪਰੇਰੀ ਰੈਜ਼ੀਡੈਂਸ (ਅਸਥਾਈ ਨਿਵਾਸੀਆਂ) ਅਤੇ ਨੈਚੁਅਰਲਾਈਜ਼ਡ ਸਿਟੀਜ਼ਨਾਂ (ਉਹ ਨਾਗਰਿਕ ਜਿਹਨਾਂ ਦਾ ਜਨਮ ਕੈਨੇਡਾ ਵਿੱਚ ਨਹੀਂ ਹੋਇਆ) ਨੂੰ ਬੀ.ਸੀ. ਵਿੱਚ ਸੈਟਲਮੈਂਟ (ਵਸੇਬੇ) ਦੀਆਂ ਸੇਵਾਵਾਂ ਦੇਣ ਵਾਲੇ

ਕਿਰਪਾ ਕਰਕੇ ਅੰਤਿਕਾ ਬੀ ਵਿੱਚ ਸਾਰਨੀ ਵੇਖੋ ਜਾਂ ਇੱਥੇ ਉਪਲਬਧ ਹੈ:
https://www.welcomebc.ca/start-your-life-in-b-c/settlement-services#ServicesForTRs

# ਅੰਤਿਕਾ ਏ: ਕਹਿਰ ਦੇ ਮੌਸਮ ਲਈ ਵਿਸ਼ੇਸ਼ ਵਸੀਲੇ

**ਜੰਗਲ ਦੀ ਅੱਗ:** ਬ੍ਰਿਟਿਸ਼ ਕੋਲੰਬੀਆ ਸੂਬੇ ਕੋਲ ਸੰਖੇਪ ਜਾਣਕਾਰੀ ਅਤੇ ਵਸੀਲੇ ਹਨ: https://www2.gov.bc.ca/gov/content/industry/agriculture-seafood/business-market-development/emergency-management/wildfire

**ਜੰਗਲ ਦੀ ਅੱਗ:** ਜੰਗਲ ਦੀ ਅੱਗ ਵੇਲੇ ਥਾਂ ਖਾਲੀ ਕਰਨ ਦੌਰਾਨ ਟੈਂਪਰੇਰੀ ਫੌਰਨ ਵਰਕਰਾਂ ਲਈ ਐਗਸੇਫ ਬੀਸੀ ਦੇ ਕਈ ਵਸੀਲੇ ਹਨ: https://agsafebc.ca/tools/emergency-planning-resources/wildfires/#TFW

**ਜੰਗਲੀ ਅੱਗ ਦਾ ਧੂੰਆਂ:** ਬੀਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਬੀ ਸੀ ਸੀ ਡੀ ਸੀ) ਕੋਲ ਜਾਣਕਾਰੀ ਦੇਣ ਵਾਲੇ ਅਤੇ ਖਤਰੇ ਨੂੰ ਘਟਾਉਣ ਲਈ ਕਈ ਵਸੀਲੇ ਹਨ:
http://www.bccdc.ca/health-info/prevention-public-health/wildfire-smoke

**ਗਰਮੀ ਅਤੇ ਧੁੱਪ ਦੇ ਅਸਰ:** ਸੰਨ ਸੇਫਟੀ ਐਟ ਵਰਕ ਕੋਲ ਆਮ ਜਾਣਕਾਰੀ ਹੈ: https://sunsafetyatwork.ca/legal-requirements, ਅਤੇ ਨਾਲ ਹੀ ਗਰਮੀ ਅਤੇ ਧੁੱਪ ਤੋਂ ਸੁਰੱਖਿਆ ਬਾਰੇ ਕੰਮ-ਮਾਲਕਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਬੀ.ਸੀ. ਲਈ ਖਾਸ ਜਾਣਕਾਰੀ:
https://sunsafetyatwork.ca/sites/default/files/ssawc_legal_issues_british_columbia_fact_sheet.pdf

**ਹੜ੍ਹ/ਬਰਫ ਪਿਘਲਣ ਜਾਂ ਬਹੁਤ ਮੀਂਹ ਕਾਰਨ ਚੜ੍ਹਿਆ ਪਾਣੀ:** ਬ੍ਰਿਟਿਸ਼ ਕੋਲੰਬੀਆ ਸੂਬੇ ਕੋਲ ਸੰਖੇਪ ਜਾਣਕਾਰੀ ਅਤੇ ਵਸੀਲੇ ਹਨ: https://www2.gov.bc.ca/gov/content/industry/agriculture-seafood/business-market-development/emergency-management/freshet-and-flood

# ਅੰਤਿਕਾ ਬੀ: ਸੈਟਲਮੈਂਟ (ਵਸੇਬੇ) ਦੀਆਂ ਸੇਵਾਵਾਂ ਦੇਣ ਵਾਲੇ

| ਕਮਿਊਨਿਟੀ (ਏ-ਜ਼ੈੱਡ) | ਸੇਵਾਵਾਂ ਦੇਣ ਵਾਲੇ | ਫੋਨ ਨੰਬਰ |
|---|---|---|
| 100 ਮਾਈਲ ਹਾਊਸ | Cariboo-Chilcotin Partners for Literacy Society | 250-644-5869 |
| ਐਬਟਸਫੋਰਡ | Archway Community Services<br>La Cooperative du Relais Francophone de la C.B. | 604-859-7681<br>604-630-0316 |
| ਐਗਾਸੀ-ਹੈਰੀਸਨ | Mission Community Services Society | 604-826-3634 |
| ਐਸ਼ਕਰਾਫਟ | Kamloops-Cariboo Regional Immigrants Society | 778-470-6101 |
| ਬੈਰੀਅਰ | Kamloops-Cariboo Regional Immigrants Society | 778-470-6101 |
| ਬਰਨਬੀ | ISSofBC<br>MOSAIC<br>S.U.C.C.E.S.S.<br>La Cooperative du Relais Francophone de la C.B. | 604-684-2561<br>604-254-9626<br>604-684-1628<br>604-630-0316 |
| ਕੈਸ਼ ਕਰੀਕ | Kamloops-Cariboo Regional Immigrants Society | 778-470-6101 |
| ਕੈਂਪਬੈਲ ਰਿਵਰ | MISA of North Vancouver Island | 250-830-0171 |
| ਕੈਸਲਗਰ | Columbia Basin Alliance for Literacy | 250-342-2475 |

| ਕਮਿਊਨਿਟੀ (ਏ-ਜ਼ੈੱਡ) | ਸੇਵਾਵਾਂ ਦੇਣ ਵਾਲੇ | ਫੋਨ ਨੰਬਰ |
|---|---|---|
| ਕੈਸਟਨ | Penticton & District Multicultural Society | 250-492-6299 |
| ਚੇਸ | Kamloops-Cariboo Regional Immigrants Society | 778-470-6101 |
| ਚਮੇਨਸ | Cowichan Intercultural Society | 250-748-3112 |
| ਚੈਰੀਵਿਲ | Vernon & District Immigrant and Community Services | 250-542-4177 |
| ਚਿਲੀਵੈਕ | Chilliwack Community Services | 604-792-4267 |
| ਕਲੀਅਰਵਾਟਰ | Kamloops-Cariboo Regional Immigrants Society | 778-470-6101 |
| ਕਲਿੰਟਨ | Kamloops-Cariboo Regional Immigrants Society | 778-470-6101 |
| ਕੋਕਿਟਲਮ | S.U.C.C.E.S.S.<br>La Cooperative du Relais Francophone de la C.B | 604-468-6000<br>604-630-0316 |
| ਕੋਮਾਕਸ ਵੈਲੀ | MISA of North Vancouver Island | 250-830-0171 |
| ਕੋਰਟਨੀ | MISA of North Vancouver Island | 250-830-0171 |
| ਕਰੇਨਬਰੁੱਕ | Columbia Basin Alliance for Literacy | 250-342-2475 |
| ਕਰੈਸਟਨ | Columbia Basin Alliance for Literacy | 250-342-2475 |
| ਡਾਸਨ ਕਰੀਕ | Dawson Creek Literacy Society | 250-782-4211 |
| ਡੰਕਨ | Cowichan Intercultural Society | 250-748-3112 |
| ਫਰਨੀ | Columbia Basin Alliance for Literacy | 250-342-2475 |
| ਫੋਰਟ ਨੈਲਸਨ | Fort Nelson Community Literacy Society | 250-774-4415 |
| ਫੋਰਟ ਸੇਂਟ ਜੌਹਨ | S.U.C.C.E.S.S. | 250-785-5323 |
| ਗਿਬਸਨਜ਼ | Capilano University<br>ISSofBC | 604-885-9310<br>604-567-4490 |

| ਕਮਿਊਨਿਟੀ (ਏ-ਜ਼ੈੱਡ) | ਸੇਵਾਵਾਂ ਦੇਣ ਵਾਲੇ | ਫੋਨ ਨੰਬਰ |
|---|---|---|
| ਗੋਲਡਨ | Columbia Basin Alliance for Literacy | 250-342-2475 |
| ਗਰੈਂਡ ਫੋਰਕਸ | Columbia Basin Alliance for Literacy | 250-342-2475 |
| ਗਲਫ ਆਈਲੈਂਡਜ਼ | Victoria Immigrant and Refugee Society | 250-361-9433 |
| ਹੈਡਲੀ | Penticton & District Multicultural Society | 250-492-6299 |
| ਹੋਪ | EmpoweredEd Support Services Society | 604-860-0510 |
| ਇਨਵਰਮੇਰ | Columbia Basin Alliance for Literacy | 250-342-2475 |
| ਕਾਲੇਡੇਨ | Penticton & District Multicultural Society | 250-492-6299 |
| ਕੈਮਲੂਪਸ | Kamloops-Cariboo Regional Immigrants Society | 778-470-6101 |
| ਕਿਲੋਨਾ | Kelowna Community Resources Society | 250-763-8008 |
| ਕਿੰਬਰਲੇ | Columbia Basin Alliance for Literacy | 250-342-2475 |
| ਕਿਟੀਮੈਟ | Kitimat Community Services Society | 250-632-9107 |
| ਲੈਡਨਰ | S.U.C.C.E.S.S. | 604-638-9881 |
| ਲੇਡੀਸਮਿੱਥ | Central Vancouver Island Multicultural Society | 250-753-6911 |
| ਲੇਕ ਕਾਊਚਨ | Cowichan Intercultural Society | 250-748-3112 |
| ਲੈਂਗਲੀ ਸਿਟੀ ਐਂਡ ਟਾਊਨਸ਼ਿਪ | Langley Community Services Society<br>La Cooperative du Relais Francophone de la C.B. | 604-534-7921<br>604-630-0316 |
| ਲਿਲੂਏਟ | Capilano University<br>ISSofBC<br>Lillooet & District Library | 604-885-9310<br>604-567-4490<br>250-256-7944 |
| ਲੰਬੀ | Vernon & District Immigrant and Community Services | 250-542-4177 |
| ਮੈਕੇਂਜੀ | Columbia Basin Alliance for Literacy | 250-342-2475 |

| ਕਮਿਊਨਿਟੀ (ਏ-ਜ਼ੈੱਡ) | ਸੇਵਾਵਾਂ ਦੇਣ ਵਾਲੇ | ਫੋਨ ਨੰਬਰ |
|---|---|---|
| ਮੇਪਲ ਰਿੱਜ | ISSofBC | 778-372-6567 |
| ਮੈਕਬ੍ਰਾਈਡ | Columbia Basin Alliance for Literacy | 250-342-2475 |
| ਮੇਰਟ | Kamloops-Cariboo Regional Immigrants Society | 778-470-6101 |
| ਮਿੱਲ ਬੇਅ | Cowichan Intercultural Society | 250-748-3112 |
| ਮਿਸ਼ਨ | Mission Community Services Society | 604-826-3634 |
| ਮਾਊਂਟ ਵੈਡਿੰਗਟਨ ਰਿਜਨਲ ਡਿਸਟ੍ਰਿਕਟ | MISA of North Vancouver Island | 250-830-0171 |
| ਨਾਨਾਇਮੋ | Central Vancouver Island Multicultural Society | 250-753-6911 |
| ਨਰਮਾਟਾ | Penticton & District Multicultural Society | 250-492-6299 |
| ਨੈਲਸਨ | Columbia Basin Alliance for Literacy | 250-342-2475 |
| ਨਿਊ ਵੈਸਟਮਨਿਸਟਰ | ISSofBC<br>MOSAIC<br>S.U.C.C.E.S.S.<br>La Cooperative du Relais Francophone de la C.B. | 604-684-2561<br>604-254-9626<br>604-684-1628<br>604-630-0316 |
| ਨੌਰਥ ਕਾਊਚਨ | Cowichan Intercultural Society | 250-748-3112 |
| ਨੌਰਥ ਡੈਲਟਾ | DIVERSEcity<br>Options Community Services<br>Progressive Intercultural Community Services Society<br>S.U.C.C.E.S.S. | 604-597-0205<br>604-584-5811<br>604-596-7722<br>604-498-5070 |
| ਨੌਰਥ ਵੈਨਕੂਵਰ | Impact North Shore | 604-988-2931 |
| ਓਕਾਨਾਗਨ ਫਾਲਸ | Penticton & District Multicultural Society | 250-492-6299 |
| ਓਲੀਵਰ | Penticton & District Multicultural Society | 250-492-6299 |
| ਓਸੋਈਓਸ | Penticton & District Multicultural Society | 250-492-6299 |

| ਕਮਿਊਨਿਟੀ (ਏ-ਜ਼ੈੱਡ) | ਸੇਵਾਵਾਂ ਦੇਣ ਵਾਲੇ | ਫੋਨ ਨੰਬਰ |
|---|---|---|
| ਪਾਰਕਸਵਿਲ | Central Vancouver Island Multicultural Society | 250-753-6911 |
| ਪੈਂਬਰਟਨ | Capilano University<br>ISSofBC | 604-885-9310<br>604-567-4490 |
| ਪਿਨਟਿਕਟਨ | Penticton & District Multicultural Society | 250-492-6299 |
| ਪਿਟ ਮੀਡੋਜ਼ | ISSofBC | 778-372-6567 |
| ਪੋਰਟ ਅਲਬਰਨੀ | Literacy Alberni Society | 250-723-7323 |
| ਪੋਰਟ ਕੋਕਿਟਲਮ | S.U.C.C.E.S.S. | 604-468-6000 |
| ਪੋਰਟ ਮੂਡੀ | S.U.C.C.E.S.S. | 604-468-6000 |
| ਪਾਵਲ ਰਿਵਰ | Lift Community Services<br>ISSofBC | 604-485-2004<br>604-567-4490 |
| ਪ੍ਰਿੰਸ ਜੌਰਜ | IMSS of Prince George<br>La Cooperative du Relais Francophone de la C.B. | 1-877-562-2977<br>604-630-0316 |
| ਪ੍ਰਿੰਸ ਰੂਪਰਟ | Hecate Strait Employment Development Society | 250-624-9498 |
| ਪ੍ਰਿੰਸਟਨ | Penticton & District Multicultural Society | 250-492-6299 |
| ਕੁਨੈਲ | Literacy Quesnel Society<br>New Focus Society | 778-414-9119<br>250-992-3119 |
| ਰੈਵਲਸਟੋਕ | Shuswap Immigrant Services Society | 250-804-2726 |
| ਰਿਚਮੰਡ | S.U.C.C.E.S.S. | 604-638-9881 |
| ਰੌਸਲੈਂਡ | Columbia Basin Alliance for Literacy | 250-342-2475 |
| ਸਾਨਿਚ | Inter-Cultural Association of Greater Victoria<br>Victoria Immigrant and Refugee Society | 250-388-4728<br>250-361-9433 |
| ਸੈਲਮਨ ਆਰਮ | Shuswap Immigrant Services Society | 250-804-2726 |

| ਕਮਿਊਨਿਟੀ (ਏ-ਜ਼ੈੱਡ) | ਸੇਵਾਵਾਂ ਦੇਣ ਵਾਲੇ | ਫੋਨ ਨੰਬਰ |
|---|---|---|
| ਸੀਸ਼ੈਲਟ | Capilano University<br>ISSofBC | 604-885-9310<br>604-567-4490 |
| ਸਿਡਨੀ | Victoria Immigrant and Refugee Society | 250-361-9433 |
| ਸਮਿਦਰਜ਼ | Smithers Community Services Association | 250-847-9515 |
| ਸੂਕ | Inter-Cultural Association of Greater Victoria<br>Victoria Immigrant and Refugee Society | 250-388-4728<br>250-361-9433 |
| ਸੁਕਾਮਿਸ਼ | Capilano University<br>ISSofBC | 604-885-9310<br>604-567-4490 |
| ਸਮਰਲੈਂਡ | Penticton & District Multicultural Society | 250-492-6299 |
| ਸਰੀ | DIVERSEcity<br>Options Community Services<br>Progressive Intercultural Community Services Society<br>S.U.C.C.E.S.S.<br>La Cooperative du Relais Francophone de la C.B. | 604-597-0205<br>604-584-5811<br>604-596-7722<br>604-498-5070<br>604-630-0316 |
| ਟੈਰੇਸ | Skeena Diversity Society | 250-635-6530 |
| ਟਰੇਲ | Columbia Basin Alliance for Literacy | 250-342-2475 |
| ਟਵਾਸਨ | S.U.C.C.E.S.S. | 604-638-9881 |
| ਵੇਲਮਾਊਂਟ | Columbia Basin Alliance for Literacy | 250-342-2475 |
| ਵੈਨਕੂਵਰ | Collingwood Neighbourhood House<br>Frog Hollow Neighbourhood House<br>Gordon Neighbourhood House<br>ISSofBC<br>Kiwassa Neighbourhood House<br>Little Mountain Neighbourhood House<br>MOSAIC<br>Mount Pleasant Neighbourhood House<br>Marpole Neighbourhood House<br>S.U.C.C.E.S.S.<br>La Cooperative du Relais Francophone de la C.B. | 604-435-0323<br>604-251-1225<br>604-683-2554<br>604-684-2561<br>604-254-5401<br>604-879-7104<br>604-254-9626<br>604-879-8208<br>604-628-5663<br>604-684-1628<br>604-630-0316 |

| ਕਮਿਊਨਿਟੀ (ਏ-ਜ਼ੈੱਡ) | ਸੇਵਾਵਾਂ ਦੇਣ ਵਾਲੇ | ਫੋਨ ਨੰਬਰ |
|---|---|---|
| ਵੈਂਡਰਹੂਫ | Columbia Basin Alliance for Literacy | 250-342-2475 |
| ਵਰਨਨ | Vernon & District Immigrant and Community Services | 250-542-4177 |
| ਵਿਕਟੋਰੀਆ | Inter-Cultural Association of Greater Victoria<br>Victoria Immigrant and Refugee Society<br>La Cooperative du Relais Francophone de la C.B. | 250-388-4728<br>250-361-9433<br>604-630-0316 |
| ਵੈਸਟ ਵੈਨਕੂਵਰ | Impact North Shore | 604-988-2931 |
| ਵੈਸਟਸ਼ੋਰ | Inter-Cultural Association of Greater Victoria<br>Victoria Immigrant and Refugee Society | 250-388-4728<br>250-361-9433 |
| ਵਿਸਲਰ | Capilano University<br>ISSofBC | 604-885-9310<br>604-567-4490 |
| ਵਾਈਟ ਰੌਕ | Options Community Services<br>Progressive Intercultural Community Services Society (ਸਿਰਫ ਲੇਬਰ ਮਾਰਕੀਟ ਸੇਵਾਵਾਂ)<br>Sources Community Resources Society<br>S.U.C.C.E.S.S. | 604-584-5811<br>604-596-7722<br>604-531-6226<br>604-498-5070 |
| ਵਿਲੀਅਮਜ਼ ਲੇਕ | Cariboo-Chilcotin Partners for Literacy Society | 250-392-7833 |